ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 15 ਮਾਰਚ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਦਫਤਰ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਕੰਨਿਆ ਸਕੂਲ ਦਾ ਵਿਸ਼ੇਸ਼ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਗੁਰਬਿੰਦਰ ਸਿੰਘ ਰੋਮੀ

ਰੋਪੜ, 15 ਮਾਰਚ : ਵਾਤਾਵਰਣ ਸਿੱਖਿਆ ਪ੍ਰੋਗਰਾਮ 2024-25 ਅਧੀਨ, ਵਾਤਾਵਰਣ ਸਬੰਧੀ ਜਾਗਰੂਕਤਾ ਦੇ ਖੇਤਰ ਵਿਚ ਰਾਸ਼ਟਰ ਪੱਧਰ 'ਤੇ ਨੈਸ਼ਨਲ ਅਵਾਰਡ ਪ੍ਰਾਪਤ ਕਰਨ ਵਾਲੇ ਸਕੂਲਾਂ ਦੇ ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਰੋਪੜ ਵੱਲੋਂ ਉਚੇਚੇ ਤੌਰ 'ਤੇ ਸਨਮਾਨ ਕੀਤੇ ਗਏ। ਇਸੇ ਦੇ ਤਹਿਤ ਸ.ਸ.ਸ.ਸ. (ਕੰਨਿਆ), ਰੋਪੜ ਨੂੰ 10,000 ਰੁਪਏ ਨਗਦ ਇਨਾਮੀ ਰਾਸ਼ੀ ਨਾਲ਼ ਸਨਮਾਨਿਤ ਕੀਤਾ ਗਿਆ। ਪਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਇਹ ਸਨਮਾਨ ਉਹਨਾਂ ਨੂੰ ਸਾਲ 2024-25 ਦੌਰਾਨ ਵਾਤਾਵਰਣ ਸੰਭਾਲ਼ ਹਿੱਤ ਜਾਗਰੂਕਤਾ ਲਈ ਕੀਤੇ ਉਪਰਾਲਿਆਂ/ਗਤੀਵਿਧੀਆਂ ਨੂੰ ਮੁੱਖ ਰੱਖਦਿਆਂ ਦਿੱਤਾ ਗਿਆ। ਜਿਨ੍ਹਾਂ ਦੀ ਅਗਵਾਈ ਜਵਤਿੰਦਰ ਕੌਰ ਲੈਕਚਰਾਰ ਬਾਇਓਲੋਜੀ ਕਰ ਰਹੇ ਹਨ। ਜਿਕਰਯੋਗ ਹੈ ਕਿ ਕੰਨਿਆ ਸਕੂਲ ਦੀਆਂ ਵਿਦਿਆਰਥਣਾਂ ਦਾ ਵਿੱਦਿਆ, ਖੇਡਾਂ ਅਤੇ ਹੋਰ ਕਲਾਤਮਿਕ ਆਦਿ ਮੁਕਾਬਲਿਆਂ ਵਿੱਚ ਹਮੇਸ਼ਾ ਹੀ ਸ਼ਾਨਦਾਰ ਪ੍ਰਦਰਸ਼ਨ ਰਹਿੰਦਾ ਹੈ।

ਮਾਰਚ ਮੇਹਮ ਸਾਈਕਲ ਪ੍ਰਤੀਯੋਗਤਾ ਨੂੰ ਸਫ਼ਲਤਾਪੂਰਵਕ ਪੂਰਾ ਕੀਤਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 15 ਮਾਰਚ : ਪੈਡ ਲੰਗ ਲਖਨਊ ਕਮਿਊਨਟੀ ਵਲੋਂ ਪੂਰੇ ਭਾਰਤ 'ਚ ਸਾਈਕਲ ਚਲਾਉਣ ਨੂੰ ਪ੍ਰੇਰਿਤ ਕਰਨ ਲਈ ਮਾਰਚ ਮੇਹਮ ਸਾਈਕਲ ਪ੍ਰਤੀਯੋਗਤਾ ਦਾ ਪ੍ਰਬੰਧ ਕੀਤਾ ਗਿਆ। ਇਹ ਸਾਈਕਲ ਪ੍ਰਤੀਯੋਗਤਾ ਮਿਤੀ 7 ਮਾਰਚ ਤੋਂ ਲੈ ਕੇ 13 ਮਾਰਚ ਤੱਕ ਕਰਵਾਈ ਗਈ, ਜਿਸ ਵਿੱਚ ਹਰ ਸਾਈਕਲ ਚਾਲਕ ਨੂੰ ਘੱਟ ਤੋਂ ਘੱਟ 180 ਕਿਲੋਮੀਟਰ ਸਾਈਕਲ ਚਲਾਉਣ ਦਾ ਟੀਚਾ ਦਿੱਤਾ ਗਿਆ। ਇਸ ਸਾਈਕਲ ਪ੍ਰਤੀਯੋਗਤਾ 'ਚ ਕੁੱਲ 53 ਸਾਈਕਲ ਚਾਲਕਾਂ ਨੇ ਭਾਗ ਲਿਆ ਸੀ, ਜਿਸ 'ਚ ਸਿਰਫ਼ 34 ਸਾਈਕਲ ਚਾਲਕਾਂ ਨੇ ਇਸ ਟੀਚੇ ਨੂੰ ਪੂਰਾ ਕੀਤਾ। ਇਸ ਸਾਈਕਲ ਪ੍ਰਤੀਯੋਗਤਾ 'ਚ ਕੋਟਕਪੂਰਾ ਸਾਈਕਲ ਰਾਈਡਰਜ਼ ਟੀਮ ਦੇ ਡਾ. ਕੁਲਦੀਪ ਧੀਰ, ਗੁਰਪ੍ਰੀਤ ਸਿੰਘ ਕਮੋਂ, ਅਰਵਿੰਦ ਲੱਕੀ ਅਤੇ ਤੁਲਸੀ ਦਾਸ ਨੇ ਭਾਗ ਲਿਆ।

ਇਹਨਾਂ ਸਾਰੇ ਮੈਂਬਰਾਂ ਵਲੋਂ ਇਸ ਸਾਈਕਲ ਪ੍ਰਤੀਯੋਗਤਾ ਨੂੰ ਸਫ਼ਲਤਾਪੂਰਵਕ ਪੂਰਾ ਕੀਤਾ ਗਿਆ। ਇਸ ਮੌਕੇ ਕਲੱਬ ਪ੍ਰਧਾਨ ਗੁਰਦੀਪ ਸਿੰਘ ਕਲੇਰ ਨੇ ਜਿੱਥੇ ਇਹਨਾਂ ਮੈਂਬਰਾਂ ਨੂੰ ਵਧਾਈ ਦਿੱਤੀ, ਉੱਥੇ ਹੀ ਇਹਨਾਂ ਨੇ ਇਸ ਗੱਲ ਦੀ ਖੁਸ਼ੀ ਜ਼ਾਹਰ ਕੀਤੀ। ਇਸ ਪ੍ਰਤੀਯੋਗਤਾ 'ਚ ਪੂਰੇ ਭਾਰਤ ਭਰ 'ਚੋਂ ਗੁਰਪ੍ਰੀਤ ਸਿੰਘ ਕਮੋਂ ਵਲੋਂ 7ਵਾਂ ਅਤੇ ਅਰਵਿੰਦਰ ਲੱਕੀ ਵਲੋਂ 11ਵਾਂ ਰੈਂਕ ਪ੍ਰਾਪਤ ਕਰਕੇ ਟੀਮ ਦਾ ਮਾਣ ਵਧਾਇਆ ਗਿਆ। ਸਫ਼ਲਤਾਪੂਰਵਕ ਪ੍ਰਤੀਯੋਗਤਾ ਪੂਰੀ ਕਰਨ ਵਾਲੇ ਸਾਰੇ ਪ੍ਰਤੀਯੋਗੀਆਂ ਨੂੰ ਈ-ਸਰਟੀਫ਼ਿਕੇਟ ਮੁਹੱਈਆ ਕਰਵਾਏ ਗਏ। ਉਪਰੋਕਤ ਤੋਂ ਇਲਾਵਾ ਡਾ. ਕੰਵਲ ਸੇਠੀ, ਡਾ. ਦੇਵਰਾਜ, ਡਾ. ਕਪੂਰ, ਅਜਾਇਬ ਸਿੰਘ ਕਲੇਰ, ਮੇਜਰ ਸਿੰਘ ਚੰਡੀਗੜ੍ਹ ਟੇਲਰਜ਼, ਬਲਜੀਤ ਸਿੰਘ ਖੀਵਾ, ਡਾ. ਪਰਮਿੰਦਰ ਸਿੰਘ ਤੱਗੜ, ਉਦੇ ਰੰਦੇਵ, ਤਰਸੇਮ ਮੱਤਾ, ਵਿਜੇ ਅਰੋੜਾ, ਜਸਮਨਦੀਪ ਸਿੰਘ ਸੋਢੀ, ਰਜਤ ਕਟਾਰੀਆ, ਗੁਰਸੇਵਕ ਪੁਰਬਾ, ਡਾ. ਹਰਵਿੰਦਰ ਧਾਲੀਵਾਲ, ਡਾ. ਹਰਮੀਤ ਢਿੱਲੋਂ, ਪਰਮਿੰਦਰ ਸਿੰਘ ਬਰਾੜ, ਰਵੀ ਅਰੋੜਾ, ਮਨਿੰਦਰ ਸਿੰਘ ਆਦਿ ਨੇ ਵਧਾਈ ਦਿੱਤੀ।

"ਦੀਪ ਕੋਟੜਾ ਵਾਲਾ" ਦੀਆਂ ਲਘੂ ਫਿਲਮਾਂ ਤੇ ਵੈਬਸੀਰੀਜ਼ ਮਿਲੀਅਨ ਵਿਊਜ਼ ਲੈ ਚਰਚਾਂ ਦਾ ਵਿਸ਼ਾ ਬਣਦੀਆਂ ਹਨ।

ਵਰਲਡ ਪੰਜਾਬੀ ਟਾਈਮਜ਼
ਸਿਕੰਦਰ ਦਰਦੀ ਫ਼ਰੀਦਕੋਟ

ਪੰਜਾਬੀ ਫਿਲਮ ਜਗਤ ਦੀ ਇਕ ਅਜਿਹੀ ਅਜ਼ੀਮ ਸਖਸ਼ੀਅਤ ਨਾਲ ਤੁਹਾਨੂੰ ਰੁਬਰੂ ਕਰਵਾਉਣ ਜਾ ਰਿਹਾ, ਜੋ ਸਮਾਜਿਕ ਤਾਲੀਮ ਹਾਸਿਲ ਕਰ ਤਕਰੀਬਨ 200 ਦੇ ਕਰੀਬ ਲਘੂ ਫ਼ਿਲਮ ਦਾ ਨਿਰਮਾਣ ਕਰ, ਇਕ ਚੰਗਾ ਲੇਖਕ, ਡਾਇਰੈਕਟਰ ਤੇ ਪ੍ਰੋਡਿਊਸਰ ਅਤੇ ਅਦਾਕਾਰੀ ਦੇ ਖੇਤਰ 'ਚ ਮੂਹਰਲੀ ਕਤਾਰ ਆਣ ਖੜ ਗਿਆਂ ।ਆਪਣਾ ਫਿਲਮੀ ਸਫ਼ਰ 2013 ਤੇ ਸ਼ੁਰੂ ਕੀਤਾ ਅੱਜ ਓਨਾਂ ਦੀਆਂ ਲਘੂ ਫਿਲਮਾਂ ਤੇ ਵੈਂਬਸੀਰੀਜ਼ ਮਿਲੀਅਨ ਵਿਊਜ਼ ਲੈ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਨੇ।ਪਰ ਓਨਾਂ ਦੇ ਸੁਪਨੇ ਚੱਲਦੇ- ਚੱਲਦੇ ਹੋਰ ਵੀ ਵੱਡੇ ਹੋ ਰਹੇ ਨੇ ਅਤੇ ਆਉਣ ਵਾਲੇ ਸਮੇ ਵਿਚ ਫ਼ਿਲਮ ਇੰਡਸਟ੍ਰੀਜ਼ ਵਿਚ ਕੁਝ ਨਵਾਂ ਕਰਨ ਦੀ ਕਾਹਲ 'ਚ ਹਨ । ਓਨਾਂ ਦੀਆਂ ਫ਼ਿਲਮਾਂ ਦੇ ਵਿਸ਼ੇ ਸਮਾਜਿਕ ਵਰਤਾਰੇ ਨੂੰ ਪੇਸ਼ ਕਰਨ ਤੇ ਸਮਾਜ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ। ਓਹਨਾਂ ਦੀਆਂ ਕੁਝ ਫ਼ਿਲਮਾਂ ਦਾ ਜਿਕਰ ਕਰਦੇ ਹਾਂ :- ਜਿਵੇ "ਪੇਕੇ ਹੋਣ ਭਰਾਵਾਂ ਨਾਲ', ਮਾਂ ਤੇ ਮਾਂ ਵਿਚ ਫਰਕ, ਅਹਿਸਾਸ ਆਪਣਿਆ ਦਾ, ਦੂਜਾ ਵਿਆਹ, ਭੂਆ ਦੀ ਦੀਵਾਲੀ, ਧੀ ਦੀ ਬਰਬਾਦੀ, ਬੇਗਾਨੀ ਧੀ ਬੇਗਾਨੀ ਸੱਸ , ਰੱਖੜੀ ਦਾ ਮੁੱਲ, ਪੇਕੇ ਹੁੰਦੇ ਮਾਵਾਂ ਨਾਲ ਤੇ ਮਾਹੀ ਮੇਰਾ ਚੰਨ ਵਰਗਾ ਆਦਿ ਫਿਲਮਾਂ ਆਪਣਾ ਸ਼ੁਮਾਰ ਕਰਵਾਉਦੀਆਂ ਹਨ। ਮੈ ਉਸ ਮਾਣਮੱਤੇ ਸੁਖਮ ਸੋਚ ਦੇ ਮਾਲਕ ਦੀ ਗੱਲ ਕਰਨ ਜਾ ਰਿਹਾ, ਜੋ ਪੰਜਾਬ ਦੇ ਜ਼ਿਲ੍ਹਾ ਬਠਿੰਡਾ ਦੇ ਪਿੰਡ 'ਕੋਟੜਾ ਕੌੜਾ' ਵਿਚ ਮਾਤਾ ਸ੍ਰੀਮਤੀ ਬਲਜੀਤ ਕੌਰ ਤੇ ਪਿਤਾ ਸ੍ਰ ਸੁਖਦੇਵ ਸਿੰਘ ਦੇ ਘਰ ਜਨਮੇ ਉਸ ਨੌਜਵਾਨ "ਪਰਦੀਪ ਸਿੰਘ" ਦੀ ਪਛਾਣ ਅੱਜ ਫ਼ਿਲਮ ਜਗਤ ਵਿੱਚ "ਦੀਪ ਕੋਟੜੇ ਵਾਲਾ" ਨਾਲ ਬਣੀ ਹੋਈ ਹੈ। ਬਚਪਨ ਤੋ ਐਕਟਿੰਗ ਦਾ ਸ਼ੌਕ ਰੱਖਣ ਵਾਲਾ ਨੌਜਵਾਨ,ਅੱਜ ਖੁਦ ਫ਼ਿਲਮ ਲੇਖਕ,ਡਾਇਰੈਕਟਰ,ਪ੍ਰੋਡਿਊਸਰ ਤੇ ਅਦਾਕਾਰੀ ਕਰ ਆਪਣੇ ਸੁਪਨੇ ਸਾਕਾਰ ਕਰਨ ਵਿਚ ਰੁਝਿਆ ਹੋਇਆਂ ਹੈ।

ਗੱਲਬਾਤ ਦੌਰਾਨ ਓਨਾਂ ਦੱਸਿਆਂ ਆਉਣ ਵਾਲੇ ਸਮੇ ਦੌਰਾਨ ਓਹ ਸੰਗੀਤ ਜਗਤ ਵਿਚ ਆਪਣਾ ਗੀਤ ਰੀਲੀਜ਼ ਕਰ, ਸੰਗੀਤ ਪ੍ਰੇਮੀਆਂ ਤੋ ਦਾਦ ਲੈਣ ਜਾ ਰਿਹਾ । ਯੂਟਿਊਬ " ਦੀਪ ਕੋਟੜੇ ਵਾਲਾ" ਤੇ ਚੱਲ ਰਹੀ ਉਸਦੀ ਲਘੂ ਫ਼ਿਲਮ "ਸੁਣ ਵੇ ਰੱਬਾ" ਦਰਸ਼ਕਾਂ ਵੱਲੋ ਖੂਬ ਪਸੰਦ ਕੀਤੀ ਜਾ ਰਹੀ ਹੈ। ਇਸ ਲਘੂ ਫ਼ਿਲਮ ਦੀ ਕਹਾਣੀ ਪ੍ਰਸਿੱਧ ਕਹਾਣੀਕਾਰ 'ਗੁਰਮੀਤ ਬਾਠ' ਵੱਲੋਂ ਲਿਖੀ ਗਈ ਹੈ। ਜੋ ਸਮਾਜਿਕ ਤਾਣੇ ਬਾਣੇ ਬਾਰੇ ਭਲੀਭਾਂਤ ਜਾਣੂ ਹਨ।ਇਸ ਲਘੂ ਫ਼ਿਲਮ ਨੂੰ ਡਾਇਰੈਕਟਰ, ਪ੍ਰੋਡਿਊਸਰ ਤੇ ਅਦਾਕਾਰ ਵਜੋ "ਦੀਪ ਕੋਟੜੇ ਵਾਲਾ" ਤੇ ਏਨਾਂ ਦੀ ਟੀਮ ਨੇ ਦਿਨ ਰਾਤ ਦੀ ਮਿਹਨਤ ਲਗਨ ਨਾਲ ਤਿਆਰ ਕੀਤਾ ਹੈ। ਇਸ ਫ਼ਿਲਮ ਵਿਚ ਸਟਾਰ ਕਾਸਟ ਖੁਦ "ਦੀਪ ਕੋਟੜੇ ਵਾਲਾ",ਅਵਤਾਰ ਹਰੀਏ ਵਾਲਾ, ਕੁਲਦੀਪ ਦੇਸਾਂਝ,ਅਰਸ ਗਿੱਲ,ਜੈਜ ਕੌਰ,ਹਰਜੱਸ ,ਅਮਨ ਸੁਖਲਾਡਾ,ਸੁਖਪਾਲ ਸਿੰਘ,ਪੋਮੀ ਗਿੱਲ ਤੇ ਕਿਰਨ ਕੌਰ ਆਦਿ ਅਦਾਕਾਰੀ ਦੇ ਜੌਹਰ ਦਿਖਾਏ ਹਨ। ਕੈਮਰਾਮੈਨ "ਤੈਪੀ" ਵੱਲੋ ਖੂਬਸੂਰਤ ਦ੍ਰਿਸ਼ ਕੈਮਰੇ ਵਿਚ ਕੈਦ ਕਰ ਦਰਸ਼ਕਾਂ ਦੀ ਕਚਹਿਰੀ ਹਾਜ਼ਰ ਕੀਤੇ ਗਏ ਨੇ ਅਤੇ ਫ਼ਿਲਮ ਦਾ ਪੋਸਟਰ ਕੁਦਰਤ ਦੇ ਰੰਗਾਂ ਨੂੰ ਲੈ ਤਿਆਰ ਕੀਤਾ ਹੈ, ਡੀ.ਸੀ ਆਰਟਸ ਵੱਲੋ ਪ੍ਰਮਾਤਮਾ ਏਨਾਂ ਦੀ ਮਿਹਨਤ ਲਗਨ ਤੇ ਨਜ਼ਰ ਸਵੱਲੀ ਕਰੇ। ਇਹ ਬੁਲੰਦੀਆਂ ਛੁਹਣ ਦੁਆਵਾਂ। ਆਮੀਨ

ਹੋਲਾ ਮਹੱਲਾ

ਸਵਾ ਲੱਖ ਵਿੱਚ ਨਿਤਰਿਆ ਹੈ ਸਿੰਘ ਇਕੱਲਾ।
ਦਸਮ ਗੁਰੂ ਨੇ ਸਿਰਜ ਦਿੱਤਾ ਹੈ ਹੋਲਾ ਮਹੱਲਾ।

ਤੋਬਾ ਕੀਤੀ ਯੋਧਿਆਂ ਕੱਚੇ ਹੋਲੀ ਰੰਗਾਂ।
ਨਿਸ਼ਚੈ ਕੀਤੀ ਜਿੱਤ ਨੂੰ ਵਿੱਚ ਜਾ ਕੇ ਜੰਗਾਂ।

ਦੱਸਿਆ ਗੁਰੂ ਗੋਬਿੰਦ ਨੇ ਢੰਗ ਅਸਲੀ ਭਗਤੀ।
ਅੰਮ੍ਰਿਤ ਛਕ ਕੇ ਆ ਗਈ ਸਿੰਘਾਂ ਵਿੱਚ ਸ਼ਕਤੀ।

ਨੇਜ਼ੇ, ਤੀਰ ਚਲਾਉਣੇ ਸਿੱਖੇ ਘੋੜ-ਸਵਾਰੀ।
ਸਿੰਘਾਂ ਨੂੰ ਦਸ਼ਮੇਸ਼ ਪਿਤਾ ਬਖਸ਼ੀ ਸਰਦਾਰੀ।

ਚੜ੍ਹਦੀ ਕਲਾ 'ਚ ਰਹੇ ਹਮੇਸ਼ਾ ਪੰਥ ਨਿਆਰਾ।
ਭਾਉਂਦਾ ਹੈ ਦਸ਼ਮੇਸ਼ ਨੂੰ ਗੁਰਸਿੱਖ ਪਿਆਰਾ।

ਭਰੀ ਗੁਰੂ ਨੇ ਸਿੰਘਾਂ ਵਿੱਚ ਐਸੀ ਜਾਂਬਾਜ਼ੀ।
'ਓਸ' ਅਕਾਲ ਦੀ ਰਜ਼ਾ ਵਿੱਚ ਰਹਿੰਦੇ ਨੇ ਰਾਜ਼ੀ।

ਖੇਡਣ ਸਿੰਘ ਜਦ ਹੋਲਾ ਤਾਂ ਆ ਜਾਏ ਨਿਡਰਤਾ।
ਨਿਰਤੈ ਤੇ ਨਿਰਵੈਰ ਬਣੇ ਆ ਗਈ ਸਖਿਰਤਾ।

ਕੀਤਾ ਗੁਰੂ ਉਚਾਰ ਕੇ ਇਹ ਬਚਨ ਅਮੋਲਾ।
ਲੋਕ ਮਨਾਉਂਦੇ ਹੋਲੀਆਂ ਅਸੀਂ ਖੇਡੀਏ ਹੋਲਾ।

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਜਮਹੂਰੀ ਅਧਿਕਾਰ ਸਭਾ ਦੀ ਸੰਗਰੂਰ ਇਕਾਈ ਵੱਲੋਂ ਜਮਹੂਰੀ ਕਾਰਕੁਨਾਂ ਲਈ ਵਰਕਸ਼ਾਪ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼
ਬੁਲਦੀਪ ਸਿੰਘ

ਸੰਗਰੂਰ 15 ਮਾਰਚ : ਜਮਹੂਰੀ ਅਧਿਕਾਰ ਸਭਾ ਦੀ ਸੰਗਰੂਰ ਇਕਾਈ ਵੱਲੋਂ ਜਿਲ੍ਹਾ ਕਾਰਜਸਕਾਰੀ ਟੀਮ ਦੀ ਅਗਵਾਈ ਵਿੱਚ ਸਥਾਨਕ ਪ੍ਰਜਾਪਤ ਧਰਮਸ਼ਾਲਾ ਵਿਖੇ ਸਭਾ ਦੇ ਉਦੇਸ਼ਾਂ, ਐਲਾਨਨਾਮੇ ਅਤੇ ਮਜੂਦਾ ਚਨੌਤੀਆਂ ਤੇ ਵਰਕਸ਼ਾਪ ਦਾ ਆਯੋਜਨ ਸੂਬਾ ਡੇਲੀਗੇਟ ਮਰਹੂਮ ਕਰਮ ਸਿੰਘ ਸੱਤ ਛਾਜਲੀ ਨੂੰ ਸਮਰਪਤ ਕੀਤਾ ਗਿਆ।ਪ੍ਰੋਗਰਾਮ ਦੇ ਸ਼ੁਰੂਆਤੀ ਸ਼ਬਦ ਸੂਬਾ ਆਗੂ ਸਵਰਨਜੀਤ ਸਿੰਘ ਵੱਲੋਂ ਬੋਲਦਿਆਂ ਜਿਥੇ ਸਭ ਨੂੰ ਜੀ ਆਇਆਂ ਕਿਹਾ ਉਥੇ ਅਜੋਕੇ ਦੌਰ ਵਿੱਚ ਵਰਕਸ਼ਾਪ ਦੇ ਆਯੋਜਨ ਦੀ ਲੋੜ ਅਤੇ ਹਰ ਖੇਤਰ ਵਿੱਚ ਹਕੂਮਤ ਦੀ ਸਹਿ ਤੇ ਪੁਲਿਸ ਦਮਨ ਤੇ ਚਾਨਣਾ ਪਾਇਆ ਗਿਆ।ਪ੍ਰਧਾਨਗੀ ਮੰਡਲ ਵਿੱਚ ਸੂਬਾਈ ਪ੍ਰਧਾਨ ਪ੍ਰੋ ਜਗਮੇਹਨ ਸਿੰਘ ਅਤੇ ਸੂਬਾ ਆਗੂ ਬੂਟਾ ਸਿੰਘ ਮਹਿਮਦਪੁਰ,ਸਵਰਨਜੀਤ ਸਿੰਘ,ਡਾਕਟਰ ਕਿਰਨਪਾਲ ਕੌਰ, ਵਿਸਾਖਾ ਸਿੰਘ, ਬਸੇਸਰ ਰਾਮ, ਸ਼ਾਮਿਲ ਹੋਏ।ਕਰਮ ਸਿੰਘ ਸੱਤ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਨ ਉਪਰੰਤ ਬੁਲਾਰਿਆਂ ਪ੍ਰੋ ਜਗਮੇਹਨ ਸਿੰਘ ਅਤੇ ਬੂਟਾ ਸਿੰਘ ਨੇ ਐਮਰਜੈਂਸੀ ਵੇਲੇ ਜਮਹੂਰੀ ਅਧਿਕਾਰ

ਸਭਾ ਦੇ ਗਠਨ ਹੋਣ ਦੇ ਕਾਰਨ ਤੋਂ ਲੈ ਕੇ ਅਤੇ ਮਜੂਦਾ ਦੌਰ ਵਿੱਚ ਹਕੂਮਤ ਵੱਲੋਂ ਆਮ ਲੋਕਾਂ ਤੇ ਲਗਾਈਆਂ ਜਾ ਰਹੀਆ ਪਾਬੰਦੀਆਂ ਤੇ ਖੁੱਲ ਕੇ ਚਰਚਾ ਕੀਤੀ। ਜਿਸ ਵਿੱਚ ਸਰਕਾਰ ਦੀਆਂ ਨੀਤੀਆਂ ਤੇ ਆਪਣੇ ਵਿਚਾਰ ਰਖਣ ਵਾਲਿਆਂ ਦੀ ਜੁਬਾਨਬੰਦੀ, ਧਰਮ ਦੇ ਨਾ ਤੇ ਸਮਾਜ ਨੂੰ ਪਾਟੋ ਧੀੜ ਕਰਨ,ਨਵੇਂ ਫੌਜਦਾਰੀ ਕਾਨੂੰਨਾਂ ਨੂੰ ਜਬਰੀ ਥੋਪਣ, ਲੋਕਾਂ ਦੀ ਹਰ ਮੰਚ ਤੋਂ ਜੁਬਾਨ ਬੰਦੀ ਕਰਨ, ਅਵਾਮ ਦੀਆਂ ਤਕਲੀਫ਼ਾਂ ਤੇ ਵਿਚਾਰ ਦੇਣ ਵਾਲੇ ਬੁੱਧੀਜੀਵੀਆਂ ਨੂੰ ਜੇਲੀ ਡੱਕਣ, ਸਰਕਾਰ ਦੀਆਂ ਨੀਤੀਆਂ ਤੇ ਵੱਖਰੇ ਵਿਚਾਰ ਦੇਣ ਵਾਲੇ ਲੋਕ ਪੱਖੀ ਕਲਮਕਾਰਾਂ, ਪੱਤਰਕਾਰਾਂ ਤੇ ਦੇਸ਼ ਧ੍ਰੋਹ ਦੇ ਪੁਲਿਸ ਕੇਸ ਦਰਜ ਕਰਨ,ਮਜ਼ਦੂਰ ਕਿਸਾਨ ਜਥੇਬੰਦੀਆਂ ਵੱਲੋਂ ਹੱਕੀ ਮੰਗਾਂ ਲਈ ਸੰਘਰਸ਼ ਕਰਨ ਤੇ ਕਰੂਰਤਾਂ ਨਾਲ ਜਬਰ ਕਰਨ, ਪੁਲਿਸ ਨੂੰ ਬੇਹਿਆਤਾ ਤਾਕਤਾਂ ਦੇਣ, ਨਵੀਂ ਸਿਖਿਆ ਨੀਤੀ ਰਾਹੀਂ ਭਗਵਾ ਕਰਨ, ਸ਼ਹਿਰੀ ਅਜ਼ਾਦੀਆਂ ਤੇ ਹਮਲੇ, ਲਗਾਤਾਰ ਹੋ ਰਿਹਾ ਲੋਕਤੰਤਰ ਦਾ ਘਾਣ ਆਦਿ ਗੰਭੀਰ ਵਿਸ਼ਿਆਂ ਤੇ ਗੱਲਬਾਤ ਕਰਦਿਆਂ ਜਮਹੂਰੀ ਕਾਰਕੁਨਾਂ ਨੂੰ ਆਪਣੇ ਹਿੱਸੇ ਦਾ ਕਾਰਜ ਕਰਨ ਅਤੇ ਲੋਕਾਂ ਨੂੰ ਅਗਵਾਈ ਦੇਣ ਦਾ ਸੁਨੇਹਾ ਦਿੱਤਾ ।ਆਗੂਆਂ ਨੇ ਦਲਿਤਾਂ, ਔਰਤਾਂ, ਆਦਿ ਵਾਸੀਆਂ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਜ਼ੁਲਮਾਂ ਤੇ ਵੀ ਗੱਲਬਾਤ ਕੀਤੀ ਕੇ ਕਿਸ ਤਰਾਂ ਭਾਰਤੀ ਹਕੂਮਤ ਵਿਕਾਸ ਦੇ ਨਾਂ ਤੇ ਆਦਿ ਵਾਸੀਆਂ ਨੂੰ ਉਜਾੜ ਕੇ, ਖੇਤੀ ਸੈਕਟਰ ਤੇ ਛੋਟੇ ਵਪਾਰ ਨੂੰ ਖ਼ਤਮ ਕਰਕੇ ਕਾਰਪੋਰੇਟ ਸੈਕਟਰ ਦੀ ਝੋਲੀ ਵਿੱਚ ਪਾਉਣ ਲਈ ਤਰਲੋਮੱਛੀ ਹੋਈ ਪਈ ਹੈ ਜਿਸ ਤੇ ਲੋਕਾਂ ਨੂੰ ਚੇਤਨ ਕਰਨ ਦਾ ਜਮਹੂਰੀ ਕਾਡਰ ਨੂੰ ਸੱਦਾ ਵੀ ਦਿੱਤਾ ਗਿਆ ਤੇ ਮਜੂਦਾ ਦੌਰ ਵਿੱਚ ਸੋਸ਼ਲ ਮੀਡੀਆ ਨੂੰ ਬਹੁਤ ਹੀ ਸਾਵਧਾਨੀ ਨਾਲ ਵਰਤਣ ਲਈ ਵੀ ਕਿਹਾ। ਵਰਕਸ਼ਾਪ ਵਿੱਚ ਪਾਸ ਕੀਤੇ ਮਤੇ ਵਿੱਚ ਪੰਜਾਬ ਸਰਕਾਰ ਵੱਲੋਂ ਝੂਠੇ ਪੁਲਿਸ ਮੁਕਾਬਲਿਆਂ ਅਤੇ ਬੁਲਡੋਜ਼ਰਾਂ ਰਾਹੀਂ ਪੰਜਾਬ ਨੂੰ ਪੁਲਿਸ ਰਾਜ ਵਿੱਚ ਬਦਲਣ ਦੀ ਨਿਖੇਧੀ ਕੀਤੀ ਗਈ ਅਤੇ ਸਰਕਾਰ ਨੂੰ ਕਾਨੂੰਨ ਦਾ ਰਾਜ ਸਥਾਪਿਤ ਕਰਨ ਲਈ ਅਜਿਹੇ ਗੈਰ ਕਾਨੂੰਨੀ ਵਰਤਾਰੇ ਨੂੰ ਬੰਦ ਕਰਨ ਲਈ ਕਿਹਾ। ਜ਼ਿੰਦਗੀ ਭਰ ਲੋਕਾਂ ਲਈ ਸੰਘਰਸ਼ ਸ਼ੀਲ ਰਹੇ ਅਤੇ ਜਮਹੂਰੀ ਅਧਿਕਾਰ ਸਭਾ ਦੇ ਮੈਂਬਰ ਕਰਮ ਦਿਉਲ ਦੀ ਸਵੈਜੀਵਨੀ ਨੂੰ ਲੋਕ ਅਰਪਣ ਕੀਤਾ ਗਿਆ।ਮੰਚ ਸੰਚਾਲਨ ਜਿਲ੍ਹਾ ਸਕੱਤਰ ਕੁਲਦੀਪ ਸਿੰਘ ਵੱਲੋਂ ਬਾਖੂਬੀ ਕੀਤਾ ਗਿਆ। ਇਸ ਮੌਕੇ ਸਭਾ ਦੇ ਮੀਡੀਆ ਸਕੱਤਰ ਜੁਝਾਰ ਲੌਂਗੋਵਾਲ,ਵਿੱਤ ਸਕੱਤਰ ਮਨਧੀਰ ਸਿੰਘ,ਮਾਸਟਰ ਬਲਬੀਰ ਚੰਦ ਲੌਂਗੋਵਾਲ,